ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ
ਦਾ ਡਿਜੀਟਲ ਅਖ਼ਬਾਰ

ਖੇਤੀ ਸੰਦੇਸ਼



ਜੂਨ 2020

ਅੰਕ: 146

ਮੱਕੀ ਨੂੰ ਫ਼ਾਲ ਆਰਮੀਵਰਮ ਕੀੜੇ ਤੋਂ ਬਚਾਅ ਲਈ ਨੁਕਤੇ

ਫ਼ਾਲ ਆਰਮੀਵਰਮ ਕੀੜੇ ਦਾ ਸਾਉਣੀ ਰੁੱਤ ਦੀ ਅਤੇ ਚਾਰੇ ਵਾਲੀ ਮੱਕੀ ਤੇ ਆਉਣ ਦਾ ਅੰਦੇਸ਼ਾ ਹੈ। ਇਸ ਕੀੜੇ ਦੀ ਸੁੰਡੀ ਦੀ ਪਹਿਚਾਣ ਪਿਛਲੇ ਸਿਰੇ ਵੱਲ ਚਾਰ ਵਰਗ ਬਨਾਉਂਦੇ ਬਿੰਦੂਆਂ ਅਤੇ ਸਿਰ ਉੱਪਰ ਚਿੱਟੇ ਰੰਗ ਦੇ ਅੰਗਰੇਜ਼ੀ ਦੇ "Y" ਅੱਖਰ ਦੇ ਉਲਟੇ ਨਿਸ਼ਾਨ ਤੋਂ ਹੁੰਦੀ ਹੈ। ਹਮਲੇ ਦੇ ਸ਼ੁਰੂਆਤ ਵਿੱਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਿਹ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਨ ਪੱਤਿਆਂ ਉੱਤੇ ਲੰਮੇਆਕਾਰ ਦੇ ਕਾਗਜ਼ੀ ਨਿਸ਼ਾਨ ਬਣਦੇ ਹਨ। ਜਦੋਂ ਸੁੰਡੀਆਂ ਵੱਡੀਆਂ ਹੁੰਦੀਆਂ ਹਨ ਤਾਂ ਇਹ ਪੱਤਿਆਂ ਉੱਪਰ ਬੇਤਰਤੀਬੀਆਂ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਹਮਲੇ ਵਾਲੀ ਗੋਭ ਵਿੱਚ ਇਸ ਕੀੜੇ ਦੀਆਂ ਕਾਫੀ ਮਾਤਰਾ ਵਿੱਚ ਵਿੱਠਾਂ ਹੁੰਦੀਆਂ ਹਨ। ਇਸਦੀ ਰੋਕਥਾਮ ਲਈ ਨੁਕਤੇ:

- ਕੀੜੇ ਦੇ ਵਾਧੇ ਅਤੇ ਫ਼ੈਲਾਅ ਨੂੰ ਸੀਮਿਤ ਕਰਨ ਲਈ ਸਾਉਣੀ ਰੁੱਤ ਦੀ ਦਾਣਿਆਂ ਵਾਲੀ ਮੱਕੀ ਦੀ ਬਿਜਾਈ ਸਿਰਫ ਸ਼ਿਫ਼ਾਰਸ਼ ਸਮੇਂ (25 ਮਈ ਤੋਂ 30 ਜੂਨ ਤੱਕ) ਦੌਰਾਨ ਹੀ ਕਰੋ।
- ਚਾਰੇ ਵਾਲੀ ਮੱਕੀ ਦੀ ਬਿਜਾਈ ਮਾਰਚ ਤੋਂ ਸਤੰਬਰ ਦੀ ਬਜਾਏ ਅੱਧ-ਅਪ੍ਰੈਲ ਤੋਂ ਅੱਧ-ਅਗਸਤ ਦਰਮਿਆਨ ਹੀ ਸੀਮਿਤ ਕਰੋ।
- ਚਾਰੇ ਵਾਲੀ ਮੱਕੀ ਵਿੱਚ ਅਤਿ ਸੰਘਣੀ ਬਿਜਾਈ ਤੋਂ ਗੁਰੇਜ਼ ਕਰੋ ਅਤੇ ਸਿਫਾਰਸ਼ ਕੀਤੀ ਬੀਜ ਦੀ ਮਾਤਰਾ (30 ਕਿੱਲੋ ਪ੍ਰਤੀ ਏਕੜ) ਨਾਲ ਕਤਾਰਾਂ ਵਿੱਚ ਹੀ ਬਿਜਾਈ ਕਰੋ।
- ਕੀੜੇ ਦਾ ਤੇਜ਼ੀ ਨਾਲ ਫੈਲਾਅ ਰੋਕਣ ਲਈ ਚਾਰੇ ਵਾਲੀ ਮੱਕੀ ਵਿੱਚ ਰਵਾਂਹ/ ਬਾਜਰਾ/ ਜੁਆਰ ਰਲਾ ਕੇ ਹੀ ਬੀਜੋ।
- ਦਾਣਿਆਂ ਵਾਲੀ ਫ਼ਸਲ ਤੇ ਕੀੜੇ ਦਾ ਹਮਲਾ ਦਿਖਾਈ ਦੇਣ ਤੇ ਇਸ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲਿਟਰ ਘੋਲ ਪ੍ਰਤੀ ਏਕੜ ਵਰਤੋ। ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਘੋਲ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਉ।
- ਛਿੜਕਾਅ ਕਰਨ ਵੇਲੇ ਸਪਰੇਅ ਪੰਪ ਦੀ ਨੋਜ਼ਲ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਹੋਣੀ ਚਾਹੀਦੀ ਹੈ।
- ਚਾਰੇ ਵਾਲੀ ਫ਼ਸਲ ਤੇ ਕੋਰਾਜਨ 18.5 ਐੱਸ ਸੀ ਨੂੰ 0.4 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਉਪਰੰਤ ਚਾਰੇ ਵਾਲੀ ਫ਼ਸਲ ਨੂੰ 21 ਦਿਨ ਤੱਕ ਨਾ ਵਰਤੋ।

ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਫ਼ਸਲ ਉੱਗਣ ਵੇਲੇ ਚੂਹਿਆਂ ਦੀ ਰੋਕਥਾਮ ਲਈ ਕੁੱਝ ਜਰੂਰੀ ਨੁਕਤੇ

ਮੌਜੂਦਾ ਸਮੇਂ ਲੇਬਰ ਦੀ ਕਮੀ ਹੋਣ ਕਰਕੇ ਪੰਜਾਬ ਦਾ ਕਿਸਾਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਸਿਫਾਰਿਸ਼ ਕੀਤੀ ਝੋਨੇ ਦੀ ਸਿੱਧੀ ਬਿਜਾਈ ਨੂੰ ਅਪਣਾ ਰਿਹਾ ਹੈ। ਪਹਿਲਾਂ ਝੋਨੇ ਦੀ ਬਿਜਾਈ ਵਾਸਤੇ ਖੇਤ ਵਿੱਚ ਚੰਗੀ ਤਰਾਂ ਵਹਾਈ ਕਰਨ ਤੋਂ ਬਾਅਦ ਪਾਣੀ ਖੜਾ ਕਰਕੇ ਕੱਦੂ ਕੀਤਾ ਜਾਂਦਾ ਸੀ। ਜਿਸ ਕਾਰਨ ਚੂਹਿਆਂ ਦੀਆਂ ਖੁੱਡਾਂ ਖਤਮ ਹੋ ਜਾਂਦੀਆਂ ਸਨ ਅਤੇ ਨੁਕਸਾਨ ਵੀ ਘੱਟ ਹੁੰਦਾ ਸੀ ।ਪਰ ਹੁਣ ਸਿੱਧੀ ਬਿਜਾਈ ਕਾਰਨ ਖੇਤਾਂ ਵਿੱਚ ਚੂਹਿਆਂ ਦੀ ਸਮੱਸਿਆ ਵੱਧ ਆ ਰਹੀ ਹੈ। ਚੂਹਿਆਂ ਦੀ ਰੋਕਥਾਮ ਵਾਸਤੇ ਕੁਝ ਜਰੂਰੀ ਨੁਕਤੇ ਹੇਠ ਲਿਖੇ ਹਨ:

ੳ) ਰਵਾਇਤੀ ਤਰੀਕਿਆਂ ਰਾਹੀਂ ਰੋਕਥਾਮ: ਖੇਤਾਂ ਵਿੱਚੋਂ ਨਦੀਨ ਘਾਹ ਅਤੇ ਝਾੜੀਆਂ ਪੁੱਟ ਦਿਉ ਕਿਉਂਕਿ ਇਹ ਚੂਹਿਆਂ ਨੂੰ ਲੁਕਣ ਅਤੇ ਖ਼ੁਰਾਕ ਲਈ ਮਦਦ ਦਿੰਦੇ ਹਨ। ਚੂਹਿਆਂ ਦੀਆਂ ਪੁਰਾਣੀਆਂ ਖੁੱਡਾਂ ਨੂੰ ਖਤਮ ਕਰਨ ਲਈ ਵੱਟਾਂ, ਖਾਲ ਆਦਿ ਸਮੇਂ ਸਿਰ ਢਾਹ ਕੇ ਦੁਬਾਰਾ ਬਣਾਉ।

ਅ) ਖੁੱਡਾਂ ਵਿੱਚੋਂ ਨਿਕਲਦੇ ਚੂਹਿਆਂ ਨੂੰ ਮਾਰਨਾ: ਫ਼ਸਲਾਂ ਦੀ ਕਟਾਈ ਤੋਂ ਬਾਅਦ ਰੌਣੀ ਵੇਲੇ ਪਾਣੀ ਨਾਲ ਭਰੀਆਂ ਖੁੱਡਾਂ ਵਿੱਚੋਂ ਨਿਕਲਦੇ ਚੂਹਿਆਂ ਨੂੰ ਡੰਡਿਆਂ ਨਾਲ ਮਾਰੋ। ਉੱਲੂ, ਇੱਲਾਂ, ਸ਼ਿਕਰੇ, ਬਾਜ, ਸੱਪ, ਗੋਹ, ਬਿੱਲੀਆਂ, ਨਿਉਲੇ ਆਦਿ ਚੂਹਿਆਂ ਨੂੰ ਖਾਂਦੇ ਹਨ ਤੇ ਉਨ੍ਹਾਂ ਦੇ ਕੁਦਰਤੀ ਦੁਸ਼ਮਣ ਹਨ। ਇਹ ਵੀ ਪਾਣੀ ਨਾਲ ਭਰੀਆਂ ਖੁੱਡਾਂ ਵਿਚੋਂ ਨਿਕਲਦੇ ਚੂਹਿਆਂ ਨੂੰ ਮਾਰਨ ਵਿੱਚ ਸਹਾਈ ਹੋ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਨਾ ਮਾਰੋ।

ੲ) ਪਿੰਜਰਿਆਂ ਦੀ ਵਰਤੋਂ: ਖੇਤਾਂ ਵਿੱਚ ਚੂਹਿਆਂ ਦੇ ਆਉਣ ਜਾਣ ਦੇ ਸਾਰੇ ਰਸਤਿਆਂ, ਚੂਹਿਆਂ ਦੇ ਨੁਕਸਾਨ ਵਾਲੀਆਂ ਥਾਵਾਂ ਤੇ ਘੱਟੋ ਘੱਟ 16 ਪਿੰਜਰੇ ਪ੍ਰਤੀ ਏਕੜ ਦੇ ਹਿਸਾਬ ਨਾਲ ਰੱਖੋ। ਫੜੇ ਹੋਏ ਚੂਹਿਆਂ ਨੂੰ ਪਾਣੀ ਵਿੱਚ ਡੁਬੋ ਕੇ ਮਾਰੋ। ਇਕੋ ਥਾਂ ਤੇ ਬਾਰ ਬਾਰ ਪਿੰਜਰੇ ਨਾ ਰੱਖੋ ਅਤੇ ਹਰ ਵਾਰ ਪਿੰਜਰੇ ਦੀ ਥਾਂ ਬਦਲੋ।

ਸ) ਰਸਾਇਣਕ ਤਰੀਕੇ: ਜ਼ਹਿਰੀਲਾ ਚੋਗ ਬਣਾਉਣ ਦੀ ਵਿਧੀ ਚੂਹਿਆਂ ਦਾ ਜ਼ਹਿਰੀਲੇ ਚੋਗ ਨੂੰ

ਖਾਣਾ, ਜ਼ਹਿਰੀਲੇ ਚੋਗ ਵਿੱਚ ਵਰਤੇ ਗਏ ਦਾਣਿਆਂ ਦੀ ਕੁਆਲਿਟੀ, ਸੁਆਦ ਅਤੇ ਮਹਿਕ ਉੱਪਰ ਨਿਰਭਰ ਕਰਦਾ ਹੈ। ਇਸ ਲਈ ਜ਼ਹਿਰੀਲਾ ਚੋਗ ਹੇਠ ਲਿਖੀਆਂ ਵਿਧੀਆਂ ਨਾਲ ਬਣਾਓ।

ਜ਼ਿੰਕ ਫ਼ਾਸਫ਼ਾਈਡ (2%) ਦਾ ਚੋਗ: ਬਾਜਰਾ, ਜਵਾਰ ਜਾਂ ਕਣਕ ਦਾ ਦਰੜ ਜਾਂ ਇਨ੍ਹਾਂ ਸਾਰਿਆਂ ਅਨਾਜਾਂ ਦਾ ਮਿਸ਼ਰਣ 1 ਕਿਲੋ ਲਓ ਤੇ ਉਸ ਵਿੱਚ 20 ਗ੍ਰਾਮ ਖਾਣ ਵਾਲਾ ਵਨਸਪਤੀ ਤੇਲ, 20 ਗ੍ਰਾਮ ਪੀਸੀ ਖੰਡ ਤੇ 25 ਗ੍ਰਾਮ ਜ਼ਿੰਕ ਫ਼ਾਸਫ਼ਾਈਡ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ। ਇਸ ਚੋਗੇ ਵਿੱਚ ਕਦੇ ਵੀ ਪਾਣੀ ਨਾ ਮਿਲਣ ਦਿਉ ਅਤੇ ਹਮੇਸ਼ਾਂ ਤਾਜ਼ਾ ਤਿਆਰ ਕੀਤਾ ਚੋਗ ਹੀ ਵਰਤੋ। ਇਕ ਹੀ ਫ਼ਸਲ ਵਿੱਚ 2 ਵਾਰ ਜ਼ਿੰਕ ਫ਼ਾਸਫ਼ਾਈਡ ਦਵਾਈ ਵਰਤਣ ਵਿਚਕਾਰ ਸਮਾਂ ਘੱਟੋ ਘੱਟ 2 ਮਹੀਨੇ ਹੋਣਾ ਅਤਿ ਜ਼ਰੂਰੀ ਹੈ।

ਬਰੋਮਾਡਾਇਲੋਨ (0.005%) ਦਾ ਚੋਗ: ਬਾਜਰਾ, ਜਵਾਰ ਜਾਂ ਕਣਕ ਦਾ ਦਰੜ ਜਾਂ ਇਨ੍ਹਾਂ ਸਾਰਿਆਂ ਅਨਾਜਾਂ ਦਾ ਮਿਸ਼ਰਣ ਜਾਂ ਆਟਾ 1 ਕਿਲੋ ਲਓ ਤੇ ਉਸ ਵਿੱਚ 20 ਗ੍ਰਾਮ ਖਾਣ ਵਾਲਾ ਵਨਸਪਤੀ ਤੇਲ, 20 ਗ੍ਰਾਮ ਪੀਸੀ ਖੰਡ ਤੇ 0.25% ਤਾਕਤ ਦਾ 20 ਗ੍ਰਾਮ ਬਰੋਮਾਡਾਇਲੋਨ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ।

ਫ਼ਸਲ ਉੱਗਣ ਵੇਲੇ ਜ਼ਹਿਰੀਲਾ ਚੋਗ ਰੱਖਣ ਦੀ ਵਿਧੀ: ਖਾਲੀ ਖੇਤਾਂ (ਮਈ-ਜੂਨ ਦੇ ਮਹੀਨੇ) ਵਿੱਚ ਅਤੇ ਫ਼ਸਲ ਉੱਗਣ ਵੇਲੇ ਚੂਹਿਆਂ ਦੀਆਂ ਖੁੱਡਾਂ ਬੰਨਿਆਂ, ਖਾਲਿਆਂ ਅਤੇ ਆਲੇ-ਦੁਆਲੇ ਖਾਲੀ ਜਗ੍ਹਾ ਤੇ ਬੜੀ ਅਸਾਨੀ ਨਾਲ ਲੱਭੀਆਂ ਜਾ ਸਕਦੀਆਂ ਹਨ। ਸ਼ਾਮ ਨੂੰ ਚੂਹਿਆਂ ਦੀਆਂ ਸਾਰੀਆਂ ਖੁੱਡਾਂ ਦੇ ਮੂੰਹ ਬੰਦ ਕਰੋ ਤੇ ਅਗਲੇ ਦਿਨ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਵਿੱਚ 10-10 ਗ੍ਰਾਮ ਜ਼ਿੰਕ ਫ਼ਾਸਫ਼ਾਈਡ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿੱਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ। ਢੱਕੀਆਂ ਖੁੱਡਾਂ ਵਾਲੇ ਚੂਹੇ ਦੀ ਖੁੱਡ ਉਪਰੋਂ ਧਿਆਨ ਨਾਲ ਮਿੱਟੀ ਹਟਾਉ ਤੇ ਖੁੱਡ ਵਿੱਚ ਡੂੰਘਾਈ ਤੇ ਜ਼ਹਿਰੀਲਾ ਚੋਗਾ ਰੱਖੋ। 10-15 ਦਿਨਾਂ ਦੇ ਵਕਫੇ ਤੇ ਵਚੇ ਹੋਏ ਚੂਹਿਆਂ ਨੂੰ ਮਾਰਨ ਨਈ ਬਰੋਮਾਡਾਇਲੋਨ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿੱਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ।

ਹ) ਬਹੁਪੱਖੀ ਵਿਉਂਤਬੰਦੀ ਨਾਲ ਰੋਕਥਾਮ: ਉਪਰੋਕਤ ਦੱਸੇ ਚੂਹੇਮਾਰ ਤਰੀਕਿਆਂ ਵਿਚੋਂ ਕਿਸੇ ਵੀ ਇਕ ਤਰੀਕੇ ਨਾਲ ਸਾਰੇ ਚੂਹੇ ਨਹੀਂ ਮਾਰੇ ਜਾ ਸਕਦੇ। ਇਕ ਸਮੇਂ ਦੀ ਰੋਕਥਾਮ ਤੋਂ ਬਾਅਦ ਬਚੇ ਹੋਏ ਚੂਹੇ ਬੜੀ ਤੇਜ਼ੀ ਨਾਲ ਬੱਚੇ ਜੰਮ ਕੇ ਰੋਕਥਾਮ ਤੋਂ ਪਹਿਲਾਂ ਵਾਲੀ ਗਿਣਤੀ ਵਿੱਚ ਆ ਜਾਂਦੇ ਹਨ । ਇਸ ਲਈ ਫ਼ਸਲਾਂ ਦੀਆਂ ਅਲੱਗ ਅਲੱਗ ਅਵਸਥਾਵਾਂ ਤੇ ਬਹੁਪੱਖੀ ਵਿਉਂਤਬੰਦੀ ਨਾਲ ਇਕ ਤੋਂ ਵੱਧ ਤਰੀਕੇ ਅਪਣਾ ਕੇ ਚੂਹਿਆਂ ਦੀ ਰੋਕਥਾਮ ਕਰੋ।

ਕ) ਪਿੰਡ ਪੱਧਰ ਤੇ ਚੂਹੇਮਾਰ ਮੁਹਿੰਮ: ਥੋੜ੍ਹੇ ਰਕਬੇ ਵਿੱਚ ਚੂਹਿਆਂ ਦੀ ਰੋਕਥਾਮ ਬੇਅਸਰ ਸਾਬਤ ਹੁੰਦੀ ਹੈ ਕਿਉਂਕਿ ਨਾਲ ਲਗਦੇ ਖੇਤਾਂ ਵਿਚੋਂ ਚੂਹੇ ਮੁੜ ਆ ਵਸਦੇ ਹਨ। ਇਸ ਲਈ ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇਮਾਰ ਮੁਹਿੰਮ ਦਾ ਪਿੰਡ ਪੱਧਰ ਤੇ ਅਪਨਾਉਣਾ ਬਹੁਤ ਜਰੂਰੀ ਹੈ, ਜਿਸ ਵਿੱਚ ਇਕ ਪਿੰਡ ਦੀ ਸਾਰੀ ਜ਼ਮੀਨ (ਬੀਜੀ ਹੋਈ, ਬਾਗਾਂ ਵਾਲੀ, ਜੰਗਲਾਤ ਵਾਲੀ ਅਤੇ ਖਾਲੀ) ਉੱਤੇ ਇਕੱਠੇ ਤੌਰ ਤੇ ਚੂਹਿਆਂ ਦਾ ਖਾਤਮਾ ਕੀਤਾ ਜਾਵੇ।

ਸਿੱਧੇ ਬੀਜੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਕਿਵੇਂ ਕਰੀਏ?

ਸਿੱਧੇ ਬੀਜੇ ਝੋਨੇ ਦੀ ਸਫਲਤਾ ਲਈ ਨਦੀਨਾਂ ਦੀ ਸਮੇਂ ਸਿਰ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਾਲ ਕਿਸਾਨਾਂ ਵੱਲੋ ਜਿਆਦਾਤਰ ਤਰ-ਵੱਤਰ ਖੇਤ ਵਿੱਚ, ਰੋਣੀ ਕਰਕੇ, ਸਿੱਧੀ ਬਿਜਾਈ ਕੀਤੀ ਗਈ ਹੈ ਅਤੇ ਸਮੇਂ ਸਿਰ ਪੈਂਡੀਮੈਥਾਲਿਨ ਦੀ ਵਰਤੋਂ ਕਰਨ ਕਰਕੇ ਜਿਆਦਾ ਕਰਕੇ ਖੇਤ ਨਦੀਨਾਂ ਤੋਂ ਰਹਿਤ ਹਨ।

- ਇਸ ਸਮੇਂ ਸਿੱਧੀ ਬਿਜਾਈ ਵਾਲੇ ਖੇਤ ਪਹਿਲੇ ਪਾਣੀ, ਜੋ ਕਿ ਤਕਰੀਬਨ ਬਿਜਾਈ ਤੋਂ 21 ਦਿਨ ਬਾਅਦ ਲਾਉਣ ਦੀ ਸਿਫਾਰਿਸ਼ ਕੀਤੀ ਗਈ ਹੈ, ਲਾਉਣ ਲਈ ਤਿਆਰ ਹਨ ਜਾਂ ਕਈ ਖੇਤਾਂ ਵਿੱਚ ਪਾਣੀ ਲੱਗ ਚੁੱਕਾ ਹੈ। ਪਾਣੀ ਲਾਉਣ ਜਾਂ ਮੀਂਹ ਪੈਣ ਦੇ ਨਾਲ, ਸਿਲਾਬ ਮਿਲਣ ਕਰਕੇ, ਨਵੇਂ ਨਦੀਨ ਉੱਗ ਸਕਦੇ ਹਨ, ਜਿੰਨ੍ਹਾਂ ਦੀ ਸਮੇਂ ਸਿਰ ਰੋਕਥਾਮ ਕਰਨੀ ਬਹੁਤ ਲਾਜ਼ਮੀ ਹੈ।
- ਆਮ ਤੌਰ ਤੇ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਮੌਸਮੀ ਘਾਹ, ਚੌੜ ਪੱਤੇ ਵਾਲੇ ਅਤੇ ਜਾਂ ਝੋਨੇ ਦੇ ਮੋਥੇ ਅਤੇ ਬਹੁ ਫਸਲੀ ਨਦੀਨ ਗੰਢੀ ਵਾਲਾ ਮੋਥਾ ਆਦਿ ਨਦੀਨਾਂ ਦੀ ਸਮੱਸਿਆ ਆ ਸਕਦੀ ਹੈ।
- ਕਿਸਾਨ ਵੀਰੋ ! ਪਹਿਲਾਂ ਆਪਣੇ ਖੇਤ ਵਿੱਚ ਉੱਗੇ ਹੋਏ ਨਦੀਨਾਂ ਦੀ ਪਹਿਚਾਣ ਕਰੋ। ਫਿਰ ਸਹੀ ਨਦੀਨ-ਨਾਸ਼ਕ ਦੀ ਚੋਣ ਕਰਕੇ ਨਦੀਨਾਂ ਦੀ ਚੰਗੀ ਤਰ੍ਹਾਂ ਰੋਕਥਾਮ ਕਰੋ ।
- ਜੇਕਰ ਖੇਤ ਵਿੱਚ ਕੱਦੂ ਵਾਲੇ ਝੋਨੇ ਵਿੱਚ ਹੋਣ ਵਾਲੇ ਨਦੀਨ ਜਿਵੇਂ ਕਿ ਸਵਾਂਕ(ਸੌਂਕਾ), ਸਵਾਂਕੀ (ਛੋਟੀ ਸਵਾਂਕ), ਮਿਰਚ ਬੂਟੀ, ਛਤਰੀ ਵਾਲਾ ਮੋਥਾ ਆਦਿ ਹੋਣ ਤਾਂ ਨੋਮਨੀ ਗੋਲਡ/ ਤਾਰਕ/ ਮਾਚੋ 10 ਤਾਕਤ (ਬਿਸਪਾਇਰੀਬੈਕ ਸੋਡੀਆਮ) 100 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਸਪਰੇ ਕਰ ਦਿਉ।
- ਜੇਕਰ ਉਪਰ ਦੱਸੇ ਨਦੀਨਾਂ ਦੇ ਨਾਲ 'ਚੀਨੀ ਘਾਹ' ਵੀ ਹੋਵੇ ਤਾਂ ਵਿਵਾਇਆ 6 ਤਾਕਤ (ਪਿਨਕੋਸੁਲਮ + ਸਾਈਹਾਲੋਫਾਪ ਮਿਥਾਇਲ) 900 ਮਿ.ਲੀ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਇਹ ਨਦੀਨ-ਨਾਸ਼ਕ ਗੰਢੀ ਵਾਲੇ ਮੋਥੇ ਨੂੰ ਵੀ ਚੰਗਾ ਦਬਾ ਦਿੰਦਾ ਹੈ।
- ਜੇਕਰ ਖੇਤ ਵਿੱਚ ਘਾਹ ਵਾਲੇ ਨਦੀਨ ਜਿਵੇਂ ਕਿ ਗੁੜਤ ਮਧਾਣਾ, ਮੱਕੜਾ, ਚੀਨੀ ਘਾਹ, ਤੱਕੜੀ ਘਾਹ ਆਦਿ ਹੋਵੇ ਤਾਂ ਰਾਈਸਸਟਾਰ 6.7 ਤਾਕਤ (ਫਿਨੋਕਸਾਪਰਾਪ-ਪੀ-ਇਥਾਇਲ) 400 ਮਿ.ਲੀ. ਪ੍ਰਤੀ ਏਕੜ ਦੇ ਹਿਸਾਬ ਸਪਰੇ ਕਰੋ।
- ਜੇਕਰ ਖੇਤ ਵਿੱਚ ਚੌੜੇ ਪੱਤੇ ਵਾਲੇ ਨਦੀਨ (ਚੁਪੱਤੀ, ਚੁਲਾਈ,ਤਾਂਦਲਾ, ਮਿਰਚ ਬੂਟੀ) ਅਤੇ ਮੋਥੇ (ਛਤਰੀ ਵਾਲਾ ਮੋਥਾ, ਗੰਢੀ ਵਾਲਾ ਮੋਥਾ) ਆਦਿ ਹੋਵੇ ਤਾਂ ਐਲਮਿਕਸ 20 ਤਾਕਤ (ਕਲੋਰੀਮਿਊਰਾਨ ਇਥਾਇਲ+ ਮੈਟਸਲਫੂਰਾਨ ਮਿਥਾਇਲ) 8 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ।
- ਇਹਨਾਂ ਨਦੀਨ ਨਾਸ਼ਕਾਂ ਦਾ ਛਿੜਕਾਅ, ਜਦੋਂ ਨਦੀਨਾਂ ਦੇ ਬੂਟੇ ਛੋਟੇ ਹੋਣ (2 ਤੋਂ 4 ਪੱਤਿਆਂ ਦੀ ਅਵਸਥਾ ਵਿੱਚ), ਜੋ ਕਿ ਆਮ ਤੋਰ ਤੇ ਝੋਨੇ ਦੀ ਬਿਜਾਈ ਦੇ ਤਕਰੀਬਨ 20-25 ਦਿਨ ਬਾਅਦ ਕਰੋ। ਜੇਕਰ ਬਾਰਿਸ਼ ਪੈ ਜਾਵੇ, ਜਾਂ ਜੇਕਰ ਝੋਨਾ ਸੁੱਕੇ ਖੇਤ ਵਿੱਚ ਬੀਜਿਆ ਹੋਵੇ, ਅਤੇ ਨਦੀਨ ਪਹਿਲਾਂ ਉੱਗ ਪੈਣ, ਤਾਂ ਨੋਮਿਨੀਗੋਲਡ 10 ਤਾਕਤ ਬਿਜਾਈ ਤੋਂ 15 ਦਿਨ ਬਾਅਦ ਅਤੇ ਵਿਵਾਇਆ 6 ਤਾਕਤ ਬਿਜਾਈ ਤੋਂ 10 ਦਿਨ ਬਾਅਦ ਵੀ ਵਰਤੀ ਜਾ ਸਕਦੀ ਹੈ।
- ਰਾਈਸ ਸਟਾਰ 6.7 ਤਾਕਤ ਅਤੇ ਐਲਮਿਕਸ 20 ਤਾਕਤ ਦੀ ਵਰਤੋਂ ਨੂੰ ਬਿਜਾਈ ਤੋਂ 20 ਦਿਨ ਬਾਅਦ ਕਰਨ ਨੂੰ ਤਰਜੀਹ ਦਿਉ ਕਿਉਂਕਿ ਝੋਨੇ ਦੀ ਛੋਟੀ ਫਸਲ ਤੇ ਵਰਤਨ ਨਾਲ ਇਹ ਫਸਲ ਦਾ ਨੁਕਸਾਨ ਕਰ ਸਕਦੇ ਹਨ। ਇਹਨਾਂ ਨਦੀਨ ਨਾਸ਼ਕਾਂ ਨੂੰ ਚੰਗੀ ਸਿਲ੍ਹਾਬ ਵਾਲੇ ਖੇਤ ਵਿੱਚ, ਸਵੇਰ ਵੇਲੇ ਜਾਂ ਦੁਪਿਹਰ ਤੋ ਬਾਅਦ, 150 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਕੱਟ ਵਾਲੀ ਨੋਜ਼ਲ ਵਰਤ ਕੇ ਛਿੜਕਾਅ ਕਰੋ।
- ਜੇਕਰ ਕਿਸੇ ਖੇਤ ਵਿੱਚ ਇੱਕ ਤੋਂ ਜਿਆਦਾ ਨਦੀਨ ਨਾਸ਼ਕ ਦੇ ਵਰਤਣ ਦੀ ਲੋੜ ਪੈ ਜਾਵੇ ਤਾਂ 4-5 ਦਿਨ ਦਾ ਵਕਫਾ ਜਰੂਰ ਪਾ ਲਉ ਅਤੇ, ਕਦੇ ਵੀ ਆਪਣੇ ਹਿਸਾਬ ਨਦੀਨ-ਨਾਸ਼ਕਾਂ ਨੂੰ ਰਲ੍ਹਾਕੇ ਨਾ ਵਰਤੋਂ।

*ਜੇਕਰ ਨਦੀਨ-ਨਾਸ਼ਕਾਂ ਦੇ ਨਾਲ-ਨਾਲ ਕਾਸ਼ਤ ਦੇ ਸਹੀ ਢੰਗ ਅਪਣਾਏ ਜਾਣ ਤਾਂ ਨਦੀਨਾਂ ਦੀ ਰੋਕਥਾਮ ਹੋਰ ਵੀ ਸੁਖਾਲੀ ਹੋ ਜਾਂਦੀ ਹੈ।



ਲੋੜ ਅਨੁਸਾਰ ਯੂਰੀਆ ਦੀ ਵਰਤੋਂ ਲਈ ਪੀ ਏ ਯੂ-ਪੱਤਾ ਰੰਗ ਚਾਰਟ ਵਿਧੀ

- ਝੋਨੇ ਦੀ ਸਿੱਧੀ ਬਿਜਾਈ ਸਮੇਂ ਯੂਰੀਆ ਖਾਦ ਨਾ ਪਾਓ।
- ਬਿਜਾਈ ਤੋਂ 4 ਹਫ਼ਤੇ ਬਾਅਦ 25 ਕਿੱਲੋ ਯੂਰੀਆ/ਏਕੜ ਪਾਓ।
- ਬਿਜਾਈ ਤੋਂ 6 ਹਫ਼ਤੇ ਬਾਅਦ, 7 ਦਿਨਾਂ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੀ.ਏ.ਯੂ.-ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ।
- ਹਰ ਵਾਰ ਖੇਤ ਵਿਚੋਂ 10 ਬੂਟਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ, ਬੂਟੇ ਨਾਲੋਂ ਤੋੜੇ ਬਿਨਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਓ।
- ਜਦੋਂ ਵੀ 10 ਵਿਚੋਂ 6 ਜਾਂ ਵੱਧ ਪੱਤਿਆਂ ਦਾ ਰੰਗ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ 30 ਕਿੱਲੋ ਯੂਰੀਆ ਪ੍ਰਤੀ ਏਕੜ ਪਾਓ।
- ਝੋਨੇ ਦੀ ਸਿੱਧੀ ਬਿਜਾਈ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਹੀ ਕਰੋ । ਰੇਤਲੀਆਂ ਜ਼ਮੀਨਾਂ ਵਿੱਚ ਲੋਹੇ ਦੀ ਘਾਟ ਜ਼ਿਆਦਾ ਆਉਂਦੀ ਹੈ ।
- ਬਿਜਾਈ ਜੂਨ ਦੇ ਪਹਿਲੇ ਪੰਦਰ੍ਹਵਾੜੇ ਵਿੱਚ ਕਰੋ।
- ਸਿੱਧੀ ਬਿਜਾਈ ਵਾਲੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 2 ਦਿਨਾਂ ਦੇ ਅੰਦਰ 1.0 ਲਿਟਰ ਸਟੌਂਪ ਪ੍ਰਤੀ ਏਕੜ ਨੂੰ ਵੱਤਰ ਖੇਤ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ ਬਾਅਦ ਵਿੱਚ ਸਿਫ਼ਾਰਿਸ਼ ਮੁਤਾਬਕ ਨਦੀਨਨਾਸ਼ਕਾਂ ਦੀ ਵਰਤੋਂ ਕਰੋ ।5
- ਜੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਦੀ ਟਿੱਕੀ ਨੰਬਰ 4 ਦੇ ਬਰਾਬਰ ਜਾਂ ਗੂੜਾ ਹੋਵੇ ਤਾਂ ਹੋਰ ਯੂਰੀਆ ਖਾਦ ਦੀ ਵਰਤੋਂ ਨਾ ਕਰੋ।
- ਝੋਨੇ ਦੇ ਨਿਸਰਨ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਅਤੇ ਹੋਰ ਯੂਰੀਆ ਖਾਦ ਨਹੀਂ ਪਾਉਣੀ ਚਾਹੀਦੀ।

ਨੋਟ: ਪੱਤਾ ਰੰਗ ਚਾਰਟ ਨਾਲ ਰੰਗ ਮਿਲਾਉਣ ਲਈ ਚੁਣੇ ਬੂਟਿਆਂ ਉੱਪਰ ਬਿਮਾਰੀ/ਕੀੜਿਆਂ ਦਾ ਹਮਲਾ, ਪਾਣੀ ਦੀ ਘੌੜ ਜਾਂ ਹੋਰ ਖੁਰਾਕੀ ਤੱਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ। ਸਿੰਚਾਈ ਅਤੇ ਹੋਰ ਖੁਰਾਕੀ ਤੱਤਾਂ ਦੀ ਵਰਤੋਂ ਸਿਫ਼ਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਪੱਤਾ ਰੰਗ ਚਾਰਟ ਪੀਏਯੂ ਲੁਧਿਆਣਾ ਦੀ ਬੀਜਾਂ ਦੀ ਦੁਕਾਨ ਗੇਟ ਨੰ. 1 ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ ।

ਪੀ.ਏ.ਯੂ. ਵਿੱਚ ਨਵੇਂ ਦਾਖਲਿਆਂ ਲਈ ਪ੍ਰਾਸਪੈਕਟਸ
ਵੀਰਵਾਰ ਮਿਤੀ 21 ਮਈ, 2020 ਤੋਂ ਮਿਲਣੇ ਸ਼ੁਰੂ ਹੋ ਜਾਣਗੇ ।

ਦਾਖਲਾ ਨੋਟਿਸ 2020-21

ਪੀ.ਏ.ਯੂ. ਵੱਲੋਂ ਵਿੱਦਿਅਕ ਸਾਲ 2020-21 ਸੈਸ਼ਨ ਦੇ ਅਧੀਨ ਦਾਖਲਿਆਂ ਨੂੰ ਲੈ ਕੇ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ । ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਪ੍ਰੋਗਰਾਮਾਂ ਦੇ ਦਾਖਲਾ ਫਾਰਮ ਭਰਨ ਦੀ ਮਿਤੀ ਜੂਨ ਦੀ ਬਜਾਏ ਜੁਲਾਈ ਵਿਚ ਕਰ ਦਿੱਤੀ ਗਈ ਹੈ । ਜਿਸ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

ਪੰਜਾਬ ਅਤੇ ਚੰਡੀਗੜ੍ਹ ਵਿਖੇ ਰਹਿੰਦੇ ਉਮੀਦਵਾਰਾਂ ਤੋਂ ਵਿੱਦਿਅਕ ਸਾਲ 2020-21 ਦੇ ਨਿਮਨ-ਅੰਕਿਤ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ
(ਐਮ. ਬੀ. ਏ. ਪ੍ਰੋਗਰਾਮ ਲਈ ਦੂਸਰੇ ਰਾਜਾਂ ਦੇ ਉਮੀਦਵਾਰ ਵੀ ਯੋਗ ਹਨ):

ਅੰਡਰ ਗ੍ਰੈਜੂਏਟ (4-ਸਾਲਾ) ਪ੍ਰੋਗਰਾਮ

(10+2 ਤੋਂ ਬਾਅਦ)

- ਬੀ.ਐਸ.ਸੀ. (ਆਨਰਜ਼) ਐਗਰੀਕਲਚਰ
- ਬੀ.ਐਸ.ਸੀ. (ਆਨਰਜ਼) ਹੋਰਟੀਕਲਚਰ
- ਬੀ.ਟੈਕ. (ਬਾਇਓਟੈਕਨਾਲੋਜੀ) *
- ਬੀ.ਟੈਕ. (ਫੂਡ ਟੈਕਨਾਲੋਜੀ) *
- ਬੀ.ਟੈਕ (ਐਗ੍ਰੀਕਲਚਰਲ ਇੰਜਿਨਿਅਰਿੰਗ) #
- ਬੀ.ਐਸ.ਸੀ. (ਆਨਰਜ਼) ਕਮਿਊਨਿਟੀ ਸਾਇੰਸ
- ਬੀ.ਐਸ.ਸੀ. (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟੇਟਿਕਸ *

(10 ਵੀ ਤੋਂ ਬਾਅਦ)

- ਬੀ.ਐਸ.ਸੀ ਐਗਰੀਕਲਚਰ(ਆਨਰਜ਼) 2+4 ਸਾਲ ਖੇਤੀਬਾੜੀ ਸੰਸਥਾ ਬਠਿੰਡਾ ਅਤੇ ਗੁਰਦਾਸਪੁਰ ਵਿਖੇ
- ਡਿਪਲੋਮਾ ਇਨ ਐਗਰੀਕਲਚਰ 2 ਸਾਲ ਲੁਧਿਆਣਾ, ਖੇਤ ਕੇਂਦਰ ਬੰਗੇਵਾਲ ਸੌਖੜੀ ਅਤੇ ਖੇਤ ਕੇਂਦਰ ਫਰੀਦਕੋਟ ਵਿਖੇ †
- ਡਿਪਲੋਮਾ ਕੋਰਸ : ਹਾਈਰਿਸ ਸੀਡ ਪ੍ਰੋਡਕਸ਼ਨ ਟੈਕਨਾਲੋਜੀ (2 ਸੰਸਿਟਰਾਂ ਵਿਚ)†

5 ਸਾਲਾ ਇੰਟੈਗ੍ਰੇਟਿਡ ਐਮ.ਐਸ.ਸੀ. (ਆਨਰਜ਼) ਪ੍ਰੋਗਰਾਮ*

(10+2 ਤੋਂ ਬਾਅਦ)

- ਬਾਇਓਕੈਮਿਸਟਰੀ
- ਬੋਟਨੀ
- ਕੈਮਿਸਟਰੀ
- ਮਾਈਕਰੋਬਾਇਓਲੋਜੀ
- ਜੂਆਲੋਜੀ

ਪੋਸਟ ਗ੍ਰੈਜੂਏਟ ਪ੍ਰੋਗਰਾਮ (M.Sc.)

ਕਾਲਜ ਆਫ ਐਗਰੀਕਲਚਰ

- ਐਗਰੀਕਲਚਰਲ ਮੈਟ੍ਰੋਲੋਜੀ
- ਐਗ੍ਰੋਨੋਮੀ
- ਬਾਇਓਟੈਕਨਾਲੋਜੀ
- ਐਂਟੋਮੋਲੋਜੀ
- ਐਕਸਟੈਂਸ਼ਨ ਐਜੂਕੇਸ਼ਨ
- ਫੂਡ ਟੈਕਨਾਲੋਜੀ
- ਪਲਾਂਟ ਬ੍ਰੀਡਿੰਗ ਐਂਡ ਜੈਨੇਟਿਕਸ
- ਪਲਾਂਟ ਪੈਥਾਲੋਜੀ
- ਸੋਇਲ ਸਾਇੰਸ

ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮੈਨਟੀਜ਼

- ਐਗਰੀਕਲਚਰਲ ਇਕਨਾਮਿਕਸ
- ਬਾਇਓਕਮਿਸਟਰੀ
- ਬੋਟਨੀ
- ਕੈਮਿਸਟਰੀ
- ਮਾਈਕਰੋਬਾਇਓਲੋਜੀ
- ਫਿਜ਼ਿਕਸ
- ਸੋਸ਼ਿਆਲੋਜੀ
- ਸਟੈਟਿਸਟਿਕਸ
- ਜੂਆਲੋਜੀ

ਕਾਲਜ ਆਫ ਹਾਰਟੀਕਲਚਰ ਅਤੇ ਵੋਰੈਸਟਰੀ

- ਹੋਰਟੀਕਲਚਰ (ਵਰੂਟ ਸਾਇੰਸ)
- ਹੋਰਟੀਕਲਚਰ (ਵੈਜੀਟੇਬਲ ਸਾਇੰਸ)
- ਹੋਰਟੀਕਲਚਰ (ਫਲੋਰੀਕਲਚਰ ਐਂਡ ਲੈਂਡਸਕੇਪਿੰਗ)
- ਵੋਰੈਸਟਰੀ

ਕਾਲਜ ਆਫ ਕਮਿਊਨਿਟੀ ਸਾਇੰਸ

- ਅਪੈਰਲ ਅਤੇ ਟੈਕਸਟਾਈਲ ਸਾਇੰਸ
- ਫੈਮਿਲੀ ਰਿਸੋਰਸ ਮੈਨੇਜਮੈਂਟ
- ਫੈਸ਼ਨ ਡਿਜ਼ਾਈਨਿੰਗ *
- ਫੂਡ ਐਂਡ ਨਿਊਟ੍ਰਿਸ਼ਨ
- ਐਕਸਟੈਂਸ਼ਨ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ ਮੈਨੇਜਮੈਂਟ
- ਹਿਊਮਨ ਡਿਵੇਲਪਮੈਂਟ ਐਂਡ ਫੈਮਿਲੀ ਸਟੱਡੀਜ਼

- ਮਾਸਟਰ ਆਫ ਬਿਜ਼ਨੈਸ ਐਡਮਿਨਿਸਟ੍ਰੇਸ਼ਨ (ਐਮ ਬੀ ਏ)
- ਐਮ ਬੀ ਏ (ਐਗ੍ਰੀਬਿਜ਼ਨਸ)
- ਮਾਸਟਰ ਇਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ

ਮਾਸਟਰ ਆਫ ਤਕਨਾਲੋਜੀ (M.Tech.)

ਕਾਲਜ ਆਫ਼ ਐਗਰੀਕਲਚਰਲ ਇੰਜਿਨੀਅਰਿੰਗ ਐਂਡ ਤਕਨਾਲੋਜੀ

- ਸਿਵਲ ਇੰਜਿਨੀਅਰਿੰਗ (ਹਾਇਡਰਾਲੋਜੀ ਐਂਡ ਵਾਟਰ ਰਿਸੋਰਸਿਜ਼ ਇੰਜਿਨਿਅਰਿੰਗ/ਸਟ੍ਰਕਚਰਲ ਇੰਜਿਨਿਅਰਿੰਗ)
- ਕੰਪਿਊਟਰ ਸਾਇੰਸ ਐਂਡ ਇੰਜਿਨਿਅਰਿੰਗ
- ਫਾਰਮ ਮਸ਼ੀਨਰੀ ਐਂਡ ਪਾਵਰ ਇੰਜਿਨਿਅਰਿੰਗ
- ਪ੍ਰੋਸੈਸਿੰਗ ਐਂਡ ਫੂਡ ਇੰਜਿਨਿਅਰਿੰਗ
- ਰਿਮੋਟ ਸੈਂਸਿੰਗ ਅਤੇ ਜਿਉਗਰਾਫਿਕ ਇਨਫਰਮੇਸ਼ਨ ਸਿਸਟਮ (GIS) †
- ਸੋਇਲ ਐਂਡ ਵਾਟਰ ਇੰਜਿਨਿਅਰਿੰਗ

- ਮਾਸਟਰ ਆਫ ਕੰਪਿਊਟਰ ਐਪਲੀਕੇਸ਼ਨਜ਼ (MCA)-3 ਸਾਲ * ਅਤੇ (MCA Lateral Entry)-2 ਸਾਲ *

* ਸੈਲਫ ਸਪੋਰਟਿੰਗ ਪ੍ਰੋਗਰਾਮ
† ਬਿਨਾ ਦਾਖਲਾ ਟੈਸਟ ਵਾਲੇ ਪ੍ਰੋਗਰਾਮ
#ਦਾਖਲਾ ਸੀ.ਬੀ.ਐਸ.ਈ/ਐੱਨ.ਟੀ.ਏ. ਦੁਆਰਾ ਕਰਵਾਏ ਗਏ ਜੇ.ਈ.ਈ. (ਮੇਨ) ਦੇ ਟੈਸਟ ਦੇ ਅਧਾਰ ਤੇ ਅਤੇ ਕਾਊਂਸਲਿੰਗ ਪੀ. ਟੀ. ਯੂ., ਕਪੂਰਥਲਾ ਦੁਆਰਾ

ਦਾਖਲੇ ਦੀ ਵਿਧੀ	ਨਿਯਤ ਮਿਤੀ	ਨਿਯਤ ਮਿਤੀ (ਏਟ ਫੀਸ ਰੁ. 1000/- ਦੇ ਨਾਲ)
ਸਿੰਗਲ ਕੋਰਸਾਂ ਦਾ ਦਾਖਲਾ ਟੈਸਟ ਜ਼ਰੂਰੀ ਹੈ (MCA ਤੋਂ ਬਿਨਾਂ)	07.07.2020	09.07.2020
MET-MCA 3 ਸਾਲ, MET-MCA lateral entry 2 ਸਾਲ	07.07.2020	15.7.2020
ਬਿਨਾ ਦਾਖਲਾ ਟੈਸਟ ਪ੍ਰੋਗਰਾਮ	12.7.2020	19.7.2020

ਆਨਲਾਈਨ ਦਾਖਲੇ ਵਾਸਤੇ : ਵਿਦਿਆਰਥੀ ਪ੍ਰਾਰਥਨਾ ਪੱਤਰ ਯੂਨੀਵਰਸਿਟੀ ਦੀ ਵੈਬਸਾਈਟ www.pau.edu ਤੋਂ ਸਿੱਧਾ ਭਰ ਸਕਦੇ ਹਨ।

ਆਫ਼ਲਾਈਨ ਦਾਖਲੇ ਵਾਸਤੇ : ਪ੍ਰਾਸਪੈਕਟਸ, ਸੰਚਾਰ ਕੇਂਦਰ, ਪੀ. ਏ. ਯੂ., ਗੇਟ ਨੰ. 1 ਤੇ ਬੀਜਾਂ ਦੀ ਦੁਕਾਨ, ਪੀ. ਏ. ਯੂ., ਲੁਧਿਆਣਾ ਅਤੇ ਖੇਤੀਬਾੜੀ ਸੰਸਥਾ ਗੁਰਦਾਸਪੁਰ ਅਤੇ ਬਠਿੰਡਾ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।

ਮਾਸਟਰ ਆਫ ਕੰਪਿਊਟਰ ਐਪਲੀਕੇਸ਼ਨਜ਼ **(MCA) 3 ਸਾਲ, MCA lateral entry 2 ਸਾਲ** 26.6.2020 **ਤੋਂ ਬਾਅਦ ਅਰਜ਼ੀਆਂ ਲਈ ਯੂਨੀਵਰਸਿਟੀ ਤੋਂ ਪ੍ਰਾਸਪੈਕਟਸ ਖਰੀਦ ਕੇ ਅਪਲਾਈ ਕੀਤਾ ਜਾਵੇ ਜਿਸ ਨਾਲ 5,200/- ਰੁਪਏ ਦਾ ਬੈਂਕ ਡਰਾਫਟ ਲਾਇਆ ਜਾਵੇ ਜੋ ਕਿ ਕੰਪਟਰੋਲਰ ਪੀ. ਏ. ਯੂ., ਲੁਧਿਆਣਾ ਦੇ ਪੱਖ ਵਿੱਚ ਹੋਵੇ।** ਭਰਿਆ ਗਿਆ ਪ੍ਰਾਰਥਨਾ ਪੱਤਰ ਨਿਰਧਾਰਿਤ ਮਿਤੀ ਤੱਕ ਜਾਂ ਉਸ ਤੋਂ ਪਹਿਲਾਂ ਰਜਿਸਟਰਾਰ ਦਫ਼ਤਰ, ਬਾਪਰ ਹਾਲ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ-141004 ਕੋਲ ਪਹੁੰਚ ਜਾਣਾ ਚਾਹੀਦਾ ਹੈ । ਕੋਰਸ ਵੇਰਵੇ, ਵਿਦਿਅਕ ਯੋਗਤਾਵਾਂ, ਸੀਟਾਂ ਦੀ ਗਿਣਤੀ, ਦਾਖਲਾ ਟੈਸਟਾਂ, ਫੀਸ ਅਤੇ ਹੋਰ ਜਾਣਕਾਰੀ ਲਈ ਯੂਨੀਵਰਸਿਟੀ ਦੀ ਵੈੱਬਸਾਈਟ www.pau.edu ਤੇ ਸੰਪਰਕ ਕਰੋ। ਅਧੂਰਾ ਪ੍ਰਾਰਥਨਾ ਪੱਤਰ/ਬਿਨਾਂ ਦਾਖਲਾ ਫੀਸ (ਜਿੱਥੇ ਕਿ ਫੀਸ ਦੇਣੀ ਬਣਦੀ ਹੋਵੇ) ਜਾਂ ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਪ੍ਰਾਰਥਨਾ ਪੱਤਰ ਨੂੰ ਰੱਦ ਕਰ ਦਿੱਤਾ ਜਾਵੇਗਾ। ਯੂਨੀਵਰਸਿਟੀ ਵੱਲੋਂ ਅੰਡਰਗਰੈਜੂਏਟ ਅਤੇ ਪੋਸਟਗਰੈਜੂਏਟ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਸਕਾਲਰਸ਼ਿਪ/ ਵਜੀਫੇ/ਫੈਲੋਸ਼ਿਪ ਨਿਯਮਾਂ ਅਨੁਸਾਰ ਦਿੱਤੇ ਜਾਂਦੇ ਹਨ।

ਨੋਟ: ਹੋਰ ਜਾਣਕਾਰੀ/ਸੋਧਾਂ ਨੂੰ ਜਾਨਣ ਲਈ ਯੂਨੀਵਰਸਿਟੀ ਦੀ ਵੈੱਬਸਾਈਟ www.pau.edu ਦੇਖਦੇ ਰਹੋ।

ਰਜਿਸਟਰਾਰ

ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ

ਮੌਸਮ (24-06-2020)

ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸਦੇ ਨਾਲ ਲੱਗਦੇ ਭਾਗਾਂ ਵਿੱਚ ਬੱਦਲਵਾਈ ਬਣੇ ਰਹਿਣ ਨਾਲ ਤੇਜ਼ ਹਵਾਵਾਂ ਚੱਲਣ/ਹਲਕੀ ਬਾਰਿਸ਼ ਹੋਣ ਦਾ ਅਨੁਮਾਨ ਹੈ।

ਦਿਨ ਦਾ ਤਾਪਮਾਨ:	35.2 (-1.8) ਡਿ.ਸੈ.
ਰਾਤ ਦਾ ਤਾਪਮਾਨ:	29.6 (-1.8) ਡਿ.ਸੈ.
ਸਵੇਰ ਦੀ ਨਮੀ:	71 (0) %
ਸ਼ਾਮ ਦੀ ਨਮੀ:	58 (+13) %
ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ)	8.2 (-0.5) ਮਿ.ਮਿ.
ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ)	0.0 ਮਿ.ਮਿ
ਦਿਨ ਦੀ ਲੰਬਾਈ:	14 ਘੰਟੇ 10 ਮਿੰਟ



ਮੌਸਮ ਦੀ ਭਵਿੱਖਵਾਣੀ: ਪੰਜਾਬ ਵਿੱਚ ਕਿਤੇ-ਕਿਤੇ, 24 ਨੂੰ ਕੁਝ ਥਾਵਾਂ ਤੇ, 25-26 ਨੂੰ ਕਈ ਥਾਵਾਂ ਤੇ ਅਤੇ ਉਸ ਤੋਂ ਬਾਅਦ ਕਿਤੇ-ਕਿਤੇ ਹਲਕੀ ਤੋਂ ਦਰਮਿਆਨੀ ਬਾਰਿਸ਼/ਛਿੱਟੇ ਪੈਣ ਦਾ ਅਨੁਮਾਨ ਹੈ।

ਚੇਤਾਵਨੀ: ਆਉਣ ਵਾਲੀ 23-25 ਜੂਨ ਨੂੰ ਕਿਤੇ-ਕਿਤੇ ਤੇਜ਼ ਹਵਾਵਾਂ ਚੱਲਣ ਨਾਲ (ਹਵਾ ਦੀ ਗਤੀ 30-40 ਕਿਲੋਮੀਟਰ ਪ੍ਰਤੀ ਘੰਟਾ) ਗਰਜ-ਚਮਕ ਨਾਲ ਛਿੱਟੇ ਪੈਣ ਦਾ ਅਨੁਮਾਨ ਹੈ। 24-26 ਜੂਨ ਕਿਤੇ-ਕਿਤੇ ਭਾਰੀ ਬਾਰਿਸ਼ ਹੋਣ ਦਾ ਅਨੁਮਾਨ ਹੈ।

ਅਗਲੇ ਦੋ ਦਿਨ੍ਹਾਂ ਦਾ ਮੌਸਮ: ਕੁਝ ਥਾਵਾਂ ਤੇ ਬਾਰਿਸ਼/ਛਿੱਟੇ ਪੈਣ ਦਾ ਅਨੁਮਾਨ ਹੈ।

ਇਲਾਕੇ /ਮੌਸਮੀ ਪੈਮਾਨੇ	ਨੀਮ ਪਹਾੜੀ ਇਲਾਕੇ	ਮੈਦਾਨੀ ਇਲਾਕੇ	ਦੱਖਣ-ਪੱਛਮੀ ਇਲਾਕੇ
ਵੱਧ ਤੋਂ ਵੱਧ ਤਾਪਮਾਨ (ਡਿ.ਸੈਂ)	32-37	33-38	33-42
ਘੱਟ ਤੋਂ ਘੱਟ ਤਾਪਮਾਨ (ਡਿ.ਸੈਂ)	23-29	24-29	24-31
ਸਵੇਰ ਦੀ ਨਮੀ (%)	65-84	65-80	65-80
ਸ਼ਾਮ ਦੀ ਨਮੀ (%)	48-75	45-65	45-67

ਕਿਸਾਨਾਂ ਲਈ ਮੌਸਮ ਅਤੇ ਫਸਲਾਂ ਦਾ ਹਾਲ: ਆਉਣ ਵਾਲੇ 48 ਘੰਟਿਆਂ ਦੌਰਾਨ ਮਾਨਸੂਨ ਪੰਜਾਬ ਵਿੱਚ ਪਹੁੰਚਣ ਦੀ ਸੰਭਾਵਨਾ ਹੈ, ਕਿਸਾਨ ਵੀਰਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਨ੍ਹਾਂ ਦਿਨਾਂ ਵਿੱਚ ਝੋਨੇ ਦੀ ਲਵਾਈ ਪੂਰੀ ਕਰ ਲੈਣ।

ਖੇਤੀ ਫਸਲਾਂ

ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖ਼ਤਮ ਕਰ ਦਿਉ. ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿੱਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਉ। ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ। ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ

ਝੋਨੇ ਦੀ ਪਨੀਰੀ ਦੀ ਲਵਾਈ ਇਨਾਂ ਦਿਨਾਂ ਵਿੱਚ ਪੂਰੀ ਕਰ ਲਵੋ। ਝੋਨੇ ਦੀ ਲੁਆਈ ਤੋਂ 2-3 ਦਿਨਾਂ ਅੰਦਰ ਸਿਫਾਰਿਸ਼ ਕੀਤੇ ਨਦੀਨ-ਨਾਸ਼ਕ ਦੀ ਵਰਤੋਂ 60 ਕਿਲੋ ਰੇਤ ਪ੍ਰਤੀ ਏਕੜ ਦੇ ਹਿਸਾਬ ਵਿੱਚ ਮਿਲਾ ਕੇ ਖੜ੍ਹੇ ਪਾਣੀ ਵਿੱਚ ਛੱਟਾ ਦੇ ਕੇ ਕਰੋ। ਲੋੜ ਅਨੁਸਾਰ ਯੂਰੀਆ ਦੀ ਵਰਤੋਂ ਲਈ ਪੀ ਏ ਯੂ- ਪੱਤਾ ਰੰਗ ਚਾਰਟ ਵਿਧੀ ਵਰਤੋ। ਬਾਸਮਤੀ ਨੂੰ ਝੰਡਾ ਰੋਗ (ਪੌਰ ਗਲਣ) ਤੋਂ ਬਚਾਉਣ ਲਈ ਬੀਜ ਨੂੰ ਪਹਿਲਾਂ ਟਰਾਈਕੋਡਰਮਾ ਹਾਰਜੀਐਨਮ ਫਾਰਮੂਲੇਸ਼ਨ ਨਾਲ 15 ਗ੍ਰਾਮ ਪ੍ਰਤੀ ਕਿੱਲੋ ਦੇ ਹਿਸਾਬ ਸੋਧ ਲਓ। ਪਨੀਰੀ ਪੁਟ ਕੇ ਖੇਤ ਵਿੱਚ ਲਗਾਉਣ ਤੋਂ ਪਹਿਲਾਂ ਜੜ੍ਹਾਂ ਨੂੰ ਵੀ ਟਰਾਈਕੋਡਰਮਾ ਹਾਰਜੀਐਨਮ ਫਾਰਮੂਲੇਸ਼ਨ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿੱਚ 6 ਘੰਟੇ ਲਈ ਡੋਬ ਕੇ ਸੋਧੋ

ਕਾਲੇ ਖਟਮਲ ਦੀ ਰੋਕਥਾਮ ਲਈ 350 ਮਿਲੀਲਿਟਰ ਡਰਸਬਾਨ/ਲੀਥਲ/ਮਾਸਬਾਨ/ਗੋਲਡਬਾਨ 20 ਤਾਕਤ ਨੂੰ 400 ਲਿਟਰ ਪਾਣੀ ਵਿੱਚ ਮਿਲਾ ਕੇ ਇਕ ਏਕੜ ਤੇ ਛਿੜਕਾਅ ਕਰੋ। ਛਿੜਕਾਅ ਦਾ ਰੁੱਖ਼ ਪੱਤਿਆਂ ਦੀ ਗੋਭ ਵੱਲ ਰੱਖੋ।

ਮੱਕੀ ਦਾ ਗੜੂੰਆਂ ਦੀ ਰੋਕਥਾਂਮ ਲਈ 30 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਨੂੰ 60 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਇਸ ਸੁੰਡੀ ਦੀ ਰੋਕਥਾਮ ਪ੍ਰਜੀਵੀ ਕੀੜੇ ਟਰਾਈਕੋਗਾਮਾ ਦੁਆਰਾ ਵੀ ਕੀਤੀ ਜਾ ਸਕਦੀ ਹੈ। ਦਾਣਿਆਂ ਵਾਲੀ ਫ਼ਸਲ ਤੇ ਫ਼ਾਲ ਆਰਮੀਵਰਮ ਦਾ ਹਮਲਾ ਦਿਖਾਈ ਦੇਣ ਤੇ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲਿਟਰ ਘੋਲ ਪ੍ਰਤੀ ਏਕੜ ਵਰਤੋ। ਛਿੜਕਾਅ ਕਰਨ ਵੇਲੇ ਸਪਰੇਅ ਪੰਪ ਦੀ ਨੋਜ਼ਲ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਹੋਣੀ ਚਾਹੀਦੀ ਹੈ। ਚਾਰੇ ਵਾਲੀ ਫ਼ਸਲ ਤੇ ਕੋਰਾਜਨ 18.5 ਐੱਸ ਸੀ ਨੂੰ 0.4 ਮਿ. ਲਿ. ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਉਪਰੰਤ ਚਾਰੇ ਵਾਲੀ ਫ਼ਸਲ ਨੂੰ 21 ਦਿਨ ਤੱਕ ਨਾ ਵਰਤੋ।

ਸਬਜ਼ੀਆਂ

ਇਹ ਸਮਾਂ ਗੋਭੀ ਦੀ ਅਗੇਤੀਆਂ ਕਿਸਮਾਂ ਅਤੇ ਬਰਸਾਤ ਰੁੱਤ ਦੀ ਫਸਲਾਂ ਜਿਵੇਂ ਕਿ ਭਿੰਡੀ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਜਿਵੇਂ ਕਿ ਘੀਆ ਕੱਦੂ, ਘੀਆ ਤੋਰੀ, ਕਰੇਲਾ ਅਤੇ ਟੀਂਡੇ ਦੀ ਬੀਜਾਈ ਲਈ ਢੁਕਵਾਂ ਹੈ। ਭਿੰਡੀ ਦੀ ਫ਼ਸਲ ਤੇ ਤੇਲੇ ਦੀ ਰੋਕਥਾਮ ਲਈ 15 ਦਿਨ ਦੇ ਵਕਫੇ ਨਾਲ ਇੱਕ ਜਾਂ ਦੋ ਵਾਰ 40 ਮਿ.ਲੀ ਕੌਨਫੀਡੋਰ 17.8 ਐਸ ਐਲ (ਇਮੀਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ ਡਬਲਯੂ ਜੀ (ਥਾਇਆਮੈਥੋਕਸਮ) ਨੂੰ 100-125 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

ਬਾਗਬਾਨੀ

ਆਉਣ ਵਾਲੇ 48 ਘੰਟਿਆਂ ਵਿੱਚ ਮਾਨਸੂਨ ਪਹੁੰਚਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਨਿੰਬੂ ਜਾਤੀ ਦੇ ਫ਼ਲ, ਅੰਬ, ਨਾਸ਼ਪਾਤੀ, ਲੀਚੀ ਆਦਿ ਬੂਟਿਆਂ ਨੂੰ ਇਨਾਂ ਦਿਨਾਂ ਵਿੱਚ ਪਾਣੀ ਨਾ ਲਾਓ। ਚੰਗੇ ਵਾਧੇ ਲਈ ਅਮਰੂਦ ਦੇ ਬੂਟਿਆਂ ਨੂੰ ਰਸਾਇਣਕ ਖਾਦਾਂ ਦੀ ਪਹਿਲੀ ਕਿਸ਼ਤ ਪਾਓ। ਅਮਰੂਦਾਂ ਦੇ ਬਾਗਾਂ ਨੂੰ ਇਹ ਸਮੇਂ ਵਾਹ ਦਿਉ ਤਾਂ ਕਿ ਬਾਗ ਨਦੀਨ ਮੁਕਤ ਹੋ ਸਕਣ ਅਤੇ ਫੱਲ ਦੀ ਮੱਖੀ ਦੇ ਕੋਏ ਘੱਟ ਸਕਣ। ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫ਼ਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਪੂਰੇ ਵੱਡੇ ਪਰ ਸਖਤ ਹਰੇ ਫ਼ਲਾਂ ਨੂੰ ਇਹ ਸਮੇਂ ਵਿੱਚ ਚਿੱਟੇ ਰੰਗ ਦੇ ਨਾਨ-ਵੂਵਨ ਲਿਫ਼ਾਫ਼ਿਆਂ ਨਾਲ ਢਕਿਆ ਜਾ ਸਕਦਾ ਹੈ।

ਸੰਪਾਦਕ: ਡਾ ਕੇ ਕੇ ਗਿੱਲ
ਡਿਜ਼ਾਇਨ: ਸੰਦੀਪ ਕੌਰ ਕਲਸੀ
24 ਜੂਨ (ਬੁੱਧਵਾਰ) 2020 ਨੂੰ ਅਪਰ ਨਿਰਦੇਸ਼ਕ (ਸੰਚਾਰ), ਸੰਚਾਰ ਕੇਂਦਰ, ਪੀ.ਏ.ਯੂ. ਵੱਲੋਂ ਜਾਰੀ ਕੀਤਾ ਗਿਆ।

ਪੰਜਾਬ ਵਾਸੀਆਂ ਨੂੰ ਅਪੀਲ

ਮਿਸ਼ਨ ਫਤਿਹ

ਕੋਵਿਡ-19 ਵਿੱਰੁਧ ਜੰਗ

ਸਿਹਤ ਸੁਰੱਖਿਆ ਪ੍ਰੋਟੋਕਾਲ ਸਖ਼ਤੀ ਨਾਲ ਅਪਣਾਉ

ਜਦ ਵੀ ਘਰੋਂ ਬਾਹਰ ਜਾਓ ਮਾਸਕ ਲਗਾਓ

ਹੱਥ ਧੋਵੋ

ਮਾਸਕ ਪਾਉ

ਆਪਸੀ ਦੂਰੀ ਰੱਖੋ

ਸੁਰੱਖਿਅਤ ਰਹੋ, ਤੰਦਰੁਸਤ ਰਹੋ